# <u>ਨੋਟਿਸ</u>

## ਇਕ ਵੋਟਰ ਵਜੋਂ ਰਜਿਸਟਰ ਕਰੋ

**ਤੁਸੀਂ ਇਕ ਵੋਟਰ ਵਜੋਂ ਰਜਿਸਟਰ ਹੋਣ ਦੇ ਯੋਗ ਹੋ ਜੇਕਰ ਤੁਸੀਂ:**

- 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ;
- ਹਾਂਗ ਕਾਂਗ ਦੇ ਸਥਾਈ ਨਿਵਾਸੀ ਹੋ; ਅਤੇ
- ਆਮ ਤੌਰ 'ਤੇ ਹਾਂਗ ਕਾਂਗ ਵਿਚ ਰਹਿੰਦੇ ਹੋ।

**ਅਰਜ਼ੀ ਦੀਆਂ ਆਖਰੀ ਮਿਤੀਆਂ**

ਨਵੀਂ ਰਜਿਸਟ੍ਰੇਸ਼ਨ: 2 ਜੂਨ 2024

ਵੇਰਵਿਆਂ ਦੀ ਤਬਦੀਲੀ ਬਾਰੇ ਰਿਪੋਰਟ: 2 ਜੂਨ 2024

(ਨਵੀਂ ਰਜਿਸਟ੍ਰੇਸ਼ਨ ਕਰਾਉਣ ਲਈ ਜਾਂ ਰਜਿਸਟਰਡ ਪਤੇ ਬਦਲਣ ਲਈ ਅਰਜ਼ੀ ਦੇਣ ਸਮੇਂ ਵੋਟਰਾਂ ਨੂੰ ਪਤੇ ਦੇ ਸਬੂਤ ਪੇਸ਼ ਕਰਨ ਦੀ ਲੋੜ ਹੁੰਦੀ ਹੈ, ਉਨ੍ਹਾਂ ਵੋਟਰਾਂ ਨੂੰ ਛੱਡ ਕੇ ਜੋ ਹਾਊਸਿੰਗ ਵਿਭਾਗ ਅਧੀਨ ਕਿਰਾਏ ਦੇ ਮਕਾਨਾਂ ਦੇ ਅਧਿਕਾਰਤ ਮਾਲਕ ਹਨ ਜਾਂ ਹਾਂਗ ਕਾਂਗ ਹਾਊਸਿੰਗ ਸੁਸਾਇਟੀ ਅਧੀਨ ਸਬਸਿਡੀ ਵਾਲੇ ਮਕਾਨਾਂ ਵਿੱਚ ਰਜਿਸਟਰਡ ਵਸਨੀਕ ਹਨ।)

ਪਤੇ ਦੇ ਸਬੂਤ ਲਈ ਲੋੜੀਂਦੀ ਚੀਜ਼ https://www.reo.gov.hk/en/voter/ap.htm ‘ਤੇ ਵੇਖੋ।

**ਅਰਜ਼ੀ ਫਾਰਮ ਇੱਥੇ ਉਪਲਬਧ ਹਨ:**

<u>ਘੱਟ ਗਿਣਤੀਆਂ ਲਈ ਸਹਾਇਤਾ ਸੇਵਾ ਕੇਂਦਰ</u>

- HOPE ਸੈਂਟਰ (ਵਾਨ ਚਾਈ)
- CHEER ਸੈਂਟਰ (ਕੁੰਨ ਥੌਂਗ)
- HOME ਸੈਂਟਰ (ਯਾਓ ਸ਼ਿੰਮ ਮੌਂਗ)
- HOME ਸਬ-ਸੈਂਟਰ (ਸ਼ੰਮ ਸ਼ੁਈ ਪੋ)
- LINK ਸੈਂਟਰ (ਕਵਾਈ ਸ਼ਿੰਗ)
- ONE ਸੈਂਟਰ (ਸ਼ੂਨ ਮੂਨ)
- YLTH ਸੈਂਟਰ (ਯੂਨ ਲੌਂਗ)
- TOUCH ਸਬ- ਸੈਂਟਰ (ਤੁੰਗ ਚੁੰਗ)

<u>ਸਰਕਾਰੀ ਅਤੇ ਹੋਰ ਦਫਤਰ</u>

- ਰਜਿਸਟ੍ਰੇਸ਼ਨ ਅਤੇ ਚੋਣ ਦਫਤਰ (REO)
- ਪਬਲਿਕ ਹਾਊਸਿੰਗ ਅਸਟੇਟ ਦੇ ਜ਼ਿਲ੍ਹਾ ਦਫਤਰ ਅਤੇ ਪ੍ਰਬੰਧਨ ਦਫਤਰ
- ਅਰਜੀ ਫਾਰਮ ਵੋਟਰ ਰਜਿਸਟ੍ਰੇਸ਼ਨ ਵੈਬਸਾਈਟ (www.vr.gov.hk) ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ।

**ਫਾਰਮ ਜਮਾਂ ਕਰਨਾ**

ਪੂਰਾ ਕੀਤਾ ਅਤੇ ਦਸਤਖਤ ਕੀਤਾ ਅਰਜੀ ਫਾਰਮ REO ਨੂੰ ਭੇਜਿਆ ਜਾ ਸਕਦਾ ਹੈ:

(1) ਪੋਸਟ ਦੁਆਰਾ (ਪਤਾ: 13/F, Kowloon Bay International Trade & Exhibition Centre, 1 Trademart Drive, Kowloon Bay, Kowloon);
(2) ਫੈਕਸ ਦੁਆਰਾ (ਫੈਕਸ ਨੰਬਰ: 2891 1180);
(3) ਈਮੇਲ ਦੁਆਰਾ (ਈਮੇਲ: form@reo.gov.hk); ਜਾਂ
(4) ਰਜਿਸਟ੍ਰੇਸ਼ਨ ਅਤੇ ਚੋਣਕਾਰ ਦਫਤਰ ਦੇ ਔਨਲਾਈਨ ਅਪਲੋਡ ਪਲੇਟਫਾਰਮ (www.reo-form.gov.hk)'ਤੇ ਸਕੈਨ ਕੀਤੀ ਕਾੱਪੀ ਅਤੇ ਪਤੇ ਦਾ ਸਬੂਤ ਅੱਪਲੋਡ ਕਰਕੇ।

ਵੋਟਰਾਂ ਨੂੰ ਸੱਚੀ ਅਤੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਚੋਣਕਾਰ ਮਾਮਲੇ ਕਮਿਸ਼ਨ ਰੈਗੂਲੇਸ਼ਨ ਅਧੀਨ ਰਜਿਸਟ੍ਰੇਸ਼ਨ ਅਤੇ ਚੋਣ ਦਫ਼ਤਰ ਨੂੰ ਕਿਸੇ ਵਿਅਕਤੀ ਲਈ ਜਾਣ-ਬੁੱਝ ਕੇ ਜਾਂ ਲਾਪਰਵਾਹੀ ਨਾਲ ਵੋਟਰ ਰਜਿਸਟ੍ਰੇਸ਼ਨ ਲਈ ਗਲਤ ਜਾਂ ਗੁੰਮਰਾਹ ਕਰਨ ਵਾਲੀ ਜਾਣਕਾਰੀ (ਜਿਵੇਂ ਕਿ ਝੂਠਾ ਰਿਹਾਇਸ਼ੀ ਪਤਾ) ਦੇਣਾ ਇੱਕ ਅਪਰਾਧ ਹੈ, ਅਤੇ ਜੇਕਰ ਵਿਅਕਤੀ ਬਾਅਦ ਵਿੱਚ ਕਿਸੇ ਚੋਣ ਵਿੱਚ ਵੋਟ ਪਾਉਂਦਾ ਹੈ, ਤਾਂ ਉਹ ਚੋਣਾਂ (ਭ੍ਰਿਸ਼ਟ ਅਤੇ ਗੈਰ ਕਾਨੂੰਨੀ ਆਚਰਣ) ਆਰਡੀਨੈਂਸ (Cap. 554) ਦੀ ਵੀ ਉਲੰਘਣਾ ਕਰੇਗਾ।

**ਪੁੱਛ-ਗਿੱਛ**

ਜੇਕਰ ਤੁਸੀਂ ਚੀਨੀ ਅਤੇ ਅੰਗਰੇਜ਼ੀ ਦੋਵੇਂ ਨਹੀਂ ਬੋਲਦੇ ਅਤੇ REO ਨੂੰ ਵੋਟਰ ਰਜਿਸਟ੍ਰੇਸ਼ਨ ਦੇ ਸੰਬੰਧ ਵਿੱਚ ਪੁੱਛ-ਗਿੱਛ ਕਰਨਾ ਚਾਹੁੰਦੇ ਹੋ, ਤੁਸੀਂ CHEER ਤੋਂ ਸਹਾਇਤਾ ਲੈ ਸਕਦੇ ਹੋ ਜੋ ਕਿ ਮੁਫਤ ਫ਼ੋਨ ਰਾਹੀਂ ਵਿਆਖਿਆ ਸੇਵਾ ਪ੍ਰਦਾਨ ਕਰਦਾ ਹੈ। ਤੁਸੀਂ CHEER ਤੋਂ ਦੁਭਾਸ਼ੀਏ ਨੂੰ REO ਦੇ ਪੁੱਛ-ਗਿੱਛ ਹੌਟਲਾਈਨ (2891 1001) ਤੇ ਸੋਮਵਾਰ ਤੋਂ ਸ਼ੁੱਕਰਵਾਰ ਦਫਤਰੀ ਸਮੇਂ ਦੌਰਾਨ 8:45 a.m. ਤੋਂ 6 p.m. ਤੱਕ (ਜਨਤਕ ਛੁੱਟੀਆਂ ਨੂੰ ਛੱਡ ਕੇ) REO ਦੇ ਅਧਿਕਾਰੀ ਨਾਲ ਕਾਨਫਰੰਸ ਕਾੱਲ ਕਰਨ ਲਈ ਬੇਨਤੀ ਕਰ ਸਕਦੇ ਹੋ। ਇੱਕ ਵਾਰ ਕਾਨਫਰੰਸ ਕਾੱਲ ਜੁੜ ਜਾਣ ਤੇ, ਤੁਸੀਂ CHEER ਦੇ ਦੁਭਾਸ਼ੀਏ ਦੁਆਰਾ ਸਿੱਧੇ REO ਦੇ ਅਧਿਕਾਰੀ ਨਾਲ ਗੱਲ ਕਰ ਸਕਦੇ ਹੋ।

CHEER ਦੇ ਹੌਟਲਾਈਨ ਨੰਬਰ ਹੇਠ ਦਿੱਤੇ ਅਨੁਸਾਰ ਹਨ:

| **ਭਾਸ਼ਾ** | **ਹੌਟਲਾਈਨ ਨੰਬਰ** |
|---|---|
| ਬਹਾਸਾ ਇੰਡੋਨੇਸ਼ੀਆ | 3755 6811 |
| ਨੇਪਾਲੀ | 3755 6822 |
| ਉਰਦੂ | 3755 6833 |
| ਪੰਜਾਬੀ | 3755 6844 |
| ਤਗਾਲੋਗ | 3755 6855 |
| ਥਾਈ | 3755 6866 |
| ਹਿੰਦੀ | 3755 6877 |
| ਵੀਅਤਨਾਮੀ | 3755 6888 |